**ਪੰਜਾਬ ਸਰਕਾਰ**

**ਪ੍ਰਸ਼ਾਸਨਿਕ ਸੁਧਾਰ ਅਤੇ ਲੋਕ ਸ਼ਿਕਾਇਤਾਂ ਡਾਇਰੈਕਟੋਰੇਟ**

ਵੱਲ,

1. ਸਮੂਹ ਪ੍ਰੋਜੈਕਟ ਮੈਨੇਜਰ
2. ਜੀ. ਐਮ. (ਵਿੱਤ)
3. ਡਾਇਰੀ/ਡਿਸਪੈਚਰ

**ਮੀਮੋ ਨੰ:-E-496327/DIPR/6581**

**ਮਿਤੀ, ਮੋਹਾਲੀ:- 12.09.2023**

**ਵਿਸ਼ਾ:- ਅਖ਼ਬਾਰ/ਇਸ਼ਤਿਹਾਰ ਏਜੰਸੀਆਂ ਦੇ ਭੁਗਤਾਨ ਸਬੰਧੀ ਸਟੈਂਡਰਡ ਓਪਰੇਟਿੰਗ ਪ੍ਰੋਸਿਜਰ (ਐੱਸ.ਓ.ਪੀ)।**

1) ਇਸ ਪੱਤਰ ਦਾ ਸਬੰਧ ਇਸ਼ਤਿਹਾਰਾਂ ਦੇ ਪ੍ਰਕਾਸ਼ਨ ਲਈ ਅਖ਼ਬਾਰ ਏਜੰਸੀਆਂ ਨੂੰ ਭੁਗਤਾਨ ਜਾਰੀ ਕਰਨ ਦੇ ਬਾਰੇ ਹੈ। ਇਹ ਵਾਚਿਆ ਗਿਆ ਹੈ ਕਿ ਦਫ਼ਤਰ ਵੱਲੋਂ ਇਸ਼ਤਿਹਾਰ ਏਜੰਸੀਆਂ ਨੂੰ ਇਸ਼ਤਿਹਾਰ ਪ੍ਰਕਾਸ਼ਨ ਦਾ ਭੁਗਤਾਨ ਕੀਤੇ ਜਾਣ ਦੇ ਬਾਵਜੂਦ ਵੀ ਏਜੰਸੀਆਂ ਵੱਲੋਂ ਭੁਗਤਾਨ ਦੀ ਪੈਡੈਂਸੀ ਜਾਹਿਰ ਕੀਤੀ ਜਾਂਦੀ ਹੈ। ਇਸ ਲਈ ਭੁਗਤਾਨ ਪ੍ਰਕਿਰਿਆ ਵਿੱਚ ਕੁਝ ਸੁਧਾਰਾ ਦੀ ਲੋੜ ਹੈ।

2) ਭੁਗਤਾਨ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਲਈ ਹੇਠ ਲਿਖੇ ਐੱਸ.ਓ.ਪੀ ਦੀ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ:-

a) ਦਫਤਰ ਦਾ ਡਾਇਰੀ-ਡਿਸਪੈਚ ਸੈਕਸ਼ਨ ਈ-ਆਫਿਸ ਵਿੱਚ ਇਸ਼ਤਿਹਾਰ ਏਜੰਸੀਆਂ ਦੇ ਭੁਗਤਾਨ ਬਿੱਲ (ਇਸ਼ਤਿਹਾਰ ਦੇ ਨਾਲ) ਸਕੈਨ ਅਤੇ ਅਪਲੋਡ ਕਰਨ ਉਪਰੰਤ ਈ-ਆਫਿਸ Receipts ਨੂੰ ਸਬੰਧਤ ਪ੍ਰੋਜੈਕਟ ਮੈਨੇਜਰ ਅਤੇ ਦਫਤਰ ਦੇ ਸੂਚਨਾ ਅਤੇ ਲੋਕ ਸੰਪਰਕ ਵਿਭਾਗ (DIPR) ਨਾਲ ਡੀਲਿੰਗ ਪ੍ਰੋਜੈਕਟ ਮੈਨੇਜਰ ਨੂੰ ਭੇਜੇਗਾ।

b) ਪ੍ਰੋਜੈਕਟ ਮੈਨੇਜਰ (DIPR) ਵੱਲੋਂ ਪੂਰੇ ਦਫ਼ਤਰ ਨਾਲ ਸਬੰਧਤ ਇਸ਼ਤਿਹਾਰ ਏਜੰਸੀਆਂ ਤੋਂ ਪ੍ਰਾਪਤ ਬਿੱਲਾਂ ਦਾ ਰਿਕਾਰਡ ਰੱਖਿਆ ਜਾਵੇਗਾ ।

c) ਭੁਗਤਾਨ ਲਈ ਜ਼ਿੰਮੇਵਾਰ ਪ੍ਰੋਜੈਕਟ ਮੈਨੇਜਰ ਇਸ਼ਤਿਹਾਰ ਦਾ ਬਿੱਲ ਈ-ਆਫਿਸ ਰਾਹੀਂ ਪੁੱਟ ਅਪ ਕਰਕੇ ਭੁਗਤਾਨ ਦੀ ਮੰਨਜੂਰੀ ਲੈਣਗੇ।

d) ਭੁਗਤਾਨ ਦੀ ਪ੍ਰਕਿਰਿਆ ਤੋਂ ਬਾਅਦ, ਸਬੰਧਤ ਪ੍ਰੋਜੈਕਟ ਮੈਨੇਜਰ ਭੁਗਤਾਨ ਦੇ ਵੇਰਵਿਆਂ ਬਾਰੇ ਸਬੰਧਤ ਅਖ਼ਬਾਰ ਏਜੰਸੀ ਅਤੇ ਪ੍ਰੋਜੈਕਟ ਮੈਨੇਜਰ (DIPR) ਨੂੰ ਈਮੇਲ ਰਾਹੀਂ ਸੂਚਿਤ ਕਰਨਗੇ।

Digitally Signed
Signed by: Sumeet Garg
Designation: Senior System Manager
Document ID: OmkdMoa
Date: 12/09/2023 04:08 PM

ਪਲਾਟ ਨੰ. ਡੀ-241, ਫੇਜ਼-8ਬੀ, ਸੈਕਟਰ-74, ਐਸ.ਏ.ਐੱਸ ਨਗਰ (ਮੋਹਾਲੀ) ਪਿੰਨ ਕੋਡ-160071

ਫੋਨ ਨੰ.0172-2994838, ਈ-ਮੇਲ- dgr@punjab.gov.in, ਵੈੱਬਸਾਈਟ- https://dgrpg.punjab.gov.in/